(i) **Printed Pages: 3** **Roll No. ..............................**

(ii) **Questions : 6** **Sub. Code : | 0 | 4 | 0 | 7 |**

**Exam. Code : | 0 | 0 | 0 | 5 |**

**B.A./B.Sc. (General) 5th Semester**

**(1129)**

**PUNJABI (Elective)**

**Paper—PUNJABI (Elective)**

**Time Allowed : Three Hours]** **[Maximum Marks : 90**

**ਨੋਟ** :— (1) ਸਾਫ਼ ਤੇ ਸਪੱਸ਼ਟ ਲਿਖੋ।

(2) ਵੱਖ-ਵੱਖ ਭਾਗਾਂ ਵਾਲੇ ਸਾਰੇ ਸਵਾਲ ਇਕੱਠੇ ਹੱਲ ਕਰੋ।

1. (ੳ) ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਬੇੜਾ ਬੰਧ ਨਾ ਸਕਿਓ ਬੰਦਨ ਕੀ ਵੇਲਾ
ਭਰਿ ਸਰਵਰ ਜਬ ਉਛਲੈ ਤਬੁ ਤਰਣੁ ਦੁਹੇਲਾ॥
ਹਥ ਨ ਲਾਇ ਕਸੁੰਭੜੇ, ਜਲ ਜਾਸੀ ਢੋਲਾ॥

(ii) ਹਮ ਮੈਲੇ ਤੁਮ ਊਜਲ ਕਰਤੇ, ਹਮ ਨਿਰਗੁਨ ਤੂੰ ਦਾਤਾ।
ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ।
ਮਾਧੋ ਹਮ ਐਸੇ ਤੂ ਐਸਾ।
ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ। 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

(i) ਬਾਝੁ ਗੁਰੂ ਡੁਬਾ ਸੰਸਾਰਿ

(ii) ਆਪੇ ਆਪਿ ਵਰਤਦਾ 10

2. (ੳ) ਨਾਟਕ ਮੁਇਆਂ ਸਾਰ ਨਾ ਕਾਈ ਦੇ ਆਧਾਰ ਤੇ ਕਿਸੇ **ਇੱਕ** ਵਾਰਤਾਲਾਪ-ਟੋਟੇ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ :

(i) "ਪੰਜਾਬ ਦਾ ਬੱਚਾ ਬੱਚਾ ਤੇਰੀ ਫੌਜ ਹੈ, ਪੁੱਤਰ! ਪੰਜਾਬ ਦੇ ਰੁੱਖ ਝਾੜ, ਅੱਕ ਤੱਕ ਤੈਨੂੰ ਬਾਹਾਂ ਲੰਮੀਆਂ ਕਰੀ ਉਡੀਕਦੇ ਨੇ। ਤੈਨੂੰ ਫੌਜਾਂ ਦਾ ਘਾਟਾ, ਤੂੰ ਇਕ ਵਾਰੀ ਪੰਜਾਬ ਚੱਲ ਕੇ ਚੰਘਾੜ ਤਾਂ ਸਹੀ, ਸ਼ੇਰ ਦਿਆ ਬੱਚਿਆ, ਫੇਰ ਵੇਖ ਕੀ ਕੌਤਕ ਵਰਤਦੇ ਨੇ।"

(ii) "ਓੜਕ ਮੈਂ ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਹਾਂ। ਮੈਂ ਇਹ ਗੱਲ ਭੁੱਲਿਆ ਨਹੀਂ ਹੋਇਆ। ਪਰ ਮੈਂ ਅਕਾਲ ਪੁਰਖ ਦਾ ਭਾਣਾ ਮੰਨਿਆ ਹੋਇਆ ਹੈ, ਜਿਹੜਾ ਤੁਹਾਡੇ ਜਿਹੇ ਲੋਕ ਨਹੀਂ ਮੰਨਣਾ ਚਾਹੁੰਦੇ। ਪਰ ਅੰਤ ਮੁਕਰਜੀ ਇਹ ਭਾਣਾ ਮੰਨਣਾ ਹੀ ਪੈਂਦਾ ਹੈ।" 10

(ਅ) ਮੁਇਆ ਸਾਰ ਨਾ ਕਾਈ ਨਾਟਕ ਦਾ ਵਿਸ਼ਾ-ਵਸਤੂ ਕੀ ਹੈ ? ਸਪਸ਼ਟ ਕਰੋ।

**ਜਾਂ**

ਮਹਾਰਾਜਾ ਦਲੀਪ ਸਿੰਘ ਦਾ ਚਰਿਤਰ ਚਿਤਰਣ ਕਰੋ। 10

3. ਹੇਠ ਲਿਖੇ ਸਵਾਲਾਂ ਵਿੱਚੋਂ **ਪੰਜ** ਦੇ ਸੰਖੇਪ ਜਵਾਬ ਲਿਖੋ :

(ੳ) ਫਰੀਦ ਜੀ ਦੀ ਬਾਣੀ ਵਿੱਚ 'ਕਸੁੰਭੜਾ' ਕਿਸ ਨੂੰ ਕਿਹਾ ਗਿਆ ਹੈ ?

(ਅ) 'ਬਾਰਹਮਾਹ ਰਾਗ ਤੁਖਾਰੀ ਵਿੱਚੋਂ' ਬਾਣੀ ਦਾ ਵਿਸ਼ਾ ਕੀ ਹੈ ?

(ੲ) 'ਵਾਰ ਦੁਰਗਾ ਕੀ ਪਾਤਸ਼ਾਹੀ ੧੦' ਦੀ ਕਹਾਣੀ ਕਿੱਥੋਂ ਲਈ ਗਈ ਹੈ ?

(ਸ) 'ਸੁਦਾਮਾ ਤੇ ਕ੍ਰਿਸ਼ਨ ਜੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(ਹ) 'ਮੁਇਆ ਸਾਰ ਨਾ ਕਾਈ' ਨਾਟਕ ਦਾ ਉਦੇਸ਼ ਕੀ ਹੈ ?

(ਕ) 'ਮੁਇਆ ਸਾਰ ਨਾ ਕਾਈ' ਨਾਟਕ ਦੇ ਪੰਜ ਮਹੱਤਵਪੂਰਣ ਪਾਤਰਾਂ ਦੇ ਨਾਂ ਲਿਖੋ।

(ਖ) ਵਿਕਟਰ ਦੇ ਪੰਜਾਬੀ ਕੌਮ ਬਾਰੇ ਕੀ ਵਿਚਾਰ ਹਨ ?

(ਗ) ਮਰਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਕੀ ਕਿਹਾ ? 5×2=10

4. ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਤ ਹੇਠ ਲਿਖੇ ਸਵਾਲਾਂ ਵਿੱਚੋਂ **ਚਾਰ** ਦੇ ਜਵਾਬ ਲਗਭਗ **50** ਸ਼ਬਦਾਂ ਵਿੱਚ ਲਿਖੋ :

(ੳ) ਪੰਜਾਬੀ ਸਾਹਿਤ ਦੀ ਰਚਨਾ ਕਦੋਂ ਆਰੰਭ ਹੋਈ ਤੇ ਇਸਦਾ ਪਹਿਲਾ ਕਵੀ ਕਿਸਨੂੰ ਮੰਨਿਆ ਜਾਂਦਾ ਹੈ ?

(ਅ) ਗੁਰੂ ਨਾਨਕ ਦੇਵ ਜੀ ਦੀਆਂ ਪ੍ਰਸਿੱਧ ਬਾਣੀਆਂ ਦੇ ਨਾਂ ਲਿਖੋ।

(ੲ) ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ? ਉਨ੍ਹਾਂ ਦੇ ਪਿਤਾ ਦਾ ਨਾਂ ਲਿਖੋ।

(ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ?

(ਹ) ਭਾਈ ਗੁਰਦਾਸ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਕਿਉਂ ਕਿਹਾ ਜਾਂਦਾ ਹੈ ?

(ਕ) 1700 ਈ. ਤੱਕ ਕਿਹੜੇ-ਕਿਹੜੇ ਵਾਰਤਕ ਰੂਪ ਵਿਕਸਤ ਹੋਏ ?

$5 \times 4 = 20$

5. ਭਾਰਤੀ ਕਾਵਿ ਸ਼ਾਸ਼ਤਰ ਦੇ ਰੀਤੀ ਜਾਂ ਔਚਿਤਯ ਸੰਪਰਦਾਇ ਬਾਰੇ ਲਿਖੋ। 10

6. ਕਿਸੇ **ਇੱਕ** ਸਾਹਿਤ ਰੂਪ ਤੇ ਨੋਟ ਲਿਖੋ :

(ੳ) ਵਾਰ

(ਅ) ਜਨਮ ਸਾਖੀ। 10